healthwatch
Staffordshire

# ਸਟੈਫੋਰਡਸ਼ਾਇਰ NHS ਦੀਆਂ ਦੰਦਾਂ ਸੰਬੰਧੀ ਸੇਵਾਵਾਂ ਬਾਰੇ ਜਾਣਕਾਰੀ

ਸਤੰਬਰ 2025

ਕੀ ਤੁਹਾਨੂੰ ਦੰਦਾਂ ਦੀ ਕੋਈ ਅਤੀ ਜ਼ਰੂਰੀ ਸਮੱਸਿਆ ਹੈ ਜਾਂ ਤੁਹਾਨੂੰ ਕਿਸੇ NHS ਡੈਂਟਿਸਟ ਨੂੰ ਲੱਭਣ ਵਿੱਚ ਮਦਦ ਦੀ ਲੋੜ ਹੈ?



ਸਟੈਫੋਰਡਸ਼ਾਇਰ ਅਤੇ ਸਟੋਕ ਆਨ ਟ੍ਰੈਂਟ ਦੀ ਡੈਂਟਲ ਐਡਵਾਈਸ ਲਾਈਨ ਨਾਲ ਇਸ ਨੰਬਰ ’ਤੇ ਸੰਪਰਕ ਕਰੋ

**0300 123 0981**

# ਜਾਣ-ਪਛਾਣ

ਹਾਲ ਹੀ ਦੇ ਸਾਲਾਂ ਵਿੱਚ ਹੈਲਥਵਾਚ ਸਟੈਫੋਰਡਸ਼ਾਇਰ ਨੂੰ ਸਟੈਫੋਰਡਸ਼ਾਇਰ ਵਿੱਚ NHS ਦੀਆਂ ਦੰਦਾਂ ਸੰਬੰਧੀ ਸੇਵਾਵਾਂ ਤੱਕ ਪਹੁੰਚ ਬਾਰੇ ਜਨਤਾ ਤੋਂ 300 ਤੋਂ ਵੱਧ ਚਿੰਤਾਵਾਂ ਪ੍ਰਾਪਤ ਹੋਈਆਂ ਹਨ। ਅਸੀਂ ਦੰਦਾਂ ਦੇ ਮੁੱਦਿਆਂ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਨੂੰ ਇਸ ਬਾਰੇ ਜਾਣਕਾਰੀ ਦਿੱਤੀ।

ਅਸੀਂ ਸਥਾਨਕ NHS ਭਾਈਵਾਲਾਂ ਨਾਲ ਮਿਲਕੇ ਕੰਮ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਨਤਾ ਦੇ ਸੁਝਾਵਾਂ ਨੂੰ ਸੁਣਿਆ ਜਾਵੇ ਅਤੇ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਹੋਵੇ।

ਇਹ ਰਿਪੋਰਟ ਸਟੈਫੋਰਡਸ਼ਾਇਰ ਅਤੇ ਸਟੋਕ ਔਨ ਟ੍ਰੈਂਟ ਵਿੱਚ NHS ਦੀਆਂ ਦੰਦਾਂ ਸੰਬੰਧੀ ਸੇਵਾਵਾਂ ਦੀ ਪਹੁੰਚ ਵਿੱਚ ਸੁਧਾਰਾਂ ਬਾਰੇ ਦਸਦੀ ਹੈ।

# ਸਟੈਫੋਰਡਸ਼ਾਇਰ ਅਤੇ ਸਟੋਕ-ਆਨ-ਟ੍ਰੈਂਟ ਦੀ ਦੰਦਾਂ ਸੰਬੰਧੀ ਯੋਜਨਾ

ਸਟੈਫੋਰਡਸ਼ਾਇਰ ਅਤੇ ਸਟੋਕ-ਆਨ-ਟ੍ਰੈਂਟ ਇੰਟੀਗ੍ਰੇਟਿਡ ਕੇਅਰ ਬੋਰਡ (ICB) ਨੇ ਦੰਦਾਂ ਦੀ ਦੇਖਭਾਲ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਚੁਣੌਤੀਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਇੱਕ ਸਥਾਨਕ ਦੰਦਾਂ ਦੀ ਯੋਜਨਾ ਵਿਕਸਤ ਕੀਤੀ ਹੈ ਅਤੇ ਮਨਜ਼ੂਰੀ ਦਿੱਤੀ ਹੈ। ਇਹਨਾਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਵਿੱਚ ਦੰਦਾਂ ਦੀ ਖੈਅ (decay) ਦੇ ਉੱਚ ਪੱਧਰ ਸ਼ਾਮਲ ਹਨ, ਨਾਲ ਹੀ ਸਟੋਕ-ਆਨ-ਟ੍ਰੈਂਟ ਦੇ ਉੱਚ ਵੰਚਿਤਤਾ ਪੱਧਰ ਵਾਲੇ ਖੇਤਰਾਂ ਵਿੱਚ ਦੰਦਾਂ ਦੀਆਂ ਸੇਵਾਵਾਂ ਤੱਕ ਪਹੁੰਚ ਦਾ ਕਾਫ਼ੀ ਘੱਟ ਪੱਧਰ ਸ਼ਾਮਲ ਹੈ। ICB ਨੇ ਯੋਜਨਾ ਦੇ ਵਿਕਾਸ ਦੌਰਾਨ ਦੰਦਾਂ ਸੰਬੰਧੀ ਸੇਵਾਵਾਂ ਦੇ ਪ੍ਰਦਾਤਾਵਾਂ ਨਾਲ ਨੇੜਿਓਂ ਸਹਿਯੋਗ ਕੀਤਾ ਹੈ, ਉਹਨਾਂ ਨੇ NHS ਦੇ ਦੰਦਾਂ ਦੇ ਇਲਾਜ ਨੂੰ ਵਧੇਰੇ ਟਿਕਾਊ ਅਤੇ ਲਚਕੀਲੇ ਪੱਧਰ 'ਤੇ ਰੱਖਣ ਵਿੱਚ ਮਦਦ ਕਰਨ ਲਈ ਉਨ੍ਹਾਂ ਦੀਆਂ ਅੰਤਰਝਾਤਾਂ ਨੂੰ ਧਿਆਨ ਨਾਲ ਸੁਣਿਆ ਹੈ।



ਮਰੀਜ਼ਾਂ ਲਈ ਪਹੁੰਚ ਵਿੱਚ ਸੁਧਾਰ ਕਰਕੇ, ਦੰਦਾਂ ਸੰਬੰਧੀ ਕਾਰਜ-ਬਲਾਂ ਨੂੰ ਵਿਕਸਤ ਕਰਕੇ ਅਤੇ ਉਹਨਾਂ ਨੂੰ ਸਮਰਥਨ ਦੇ ਕੇ, ਅਤੇ ਸਥਾਨਕ ਪੱਧਰ 'ਤੇ ਮੂੰਹ ਦੀ ਸਿਹਤ ਬਾਬਤ ਅਸਮਾਨਤਾਵਾਂ ਨੂੰ ਘਟਾ ਕੇ, ਲੋਕਲ ਡੈਂਟਲ ਪਲਾਨ (Local Dental Plan) ਰਾਸ਼ਟਰੀ ਅਤੇ ਖੇਤਰੀ ਦੰਦਾਂ ਦੀਆਂ ਰਿਕਵਰੀ ਯੋਜਨਾਵਾਂ ਵਿੱਚ ਨਿਰਧਾਰਤ ਟੀਚਿਆਂ ਅਤੇ ਉਦੇਸ਼ਾਂ ਦੀ ਝਲਕ ਦਿੰਦਾ ਹੈ।

ਇੱਕ ਡੈਂਟਲ ਸਰਵਿਸਿਜ਼ ਈਕਵਿਟੀ ਔਡਿਟ (Dental Services Equity Audit) ਨੇ ਸਟੈਫੋਰਡਸ਼ਾਇਰ ਅਤੇ ਸਟੋਕ-ਆਨ-ਟ੍ਰੈਂਟ ਵਿੱਚ ਉਹਨਾਂ ਖੇਤਰਾਂ ਦੀ ਪਛਾਣ ਕੀਤੀ ਹੈ ਜਿੱਥੇ ਸਭ ਤੋਂ ਮਾੜੀ ਮੌਖਿਕ ਸਿਹਤ ਅਤੇ ਸੇਵਾਵਾਂ ਤੱਕ ਸਭ ਤੋਂ ਘੱਟ ਪਹੁੰਚ ਹੈ। ਇਸ ਨੇ ICB ਨੂੰ ਇਹ ਯਕੀਨੀ ਬਣਾਉਣ ਦੇ ਯੋਗ ਬਣਾਇਆ ਗਿਆ ਹੈ ਕਿ ਇਹਨਾਂ ਭਾਈਚਾਰਿਆਂ ਲਈ NHS ਦੀ ਦੰਦਾਂ ਸੰਬੰਧੀ ਗਤੀਵਿਧੀ ਨੂੰ ਤਰਜੀਹ ਦਿੱਤੀ ਜਾਵੇ। ਪਹੁੰਚ ਨੂੰ ਬਿਹਤਰ ਬਣਾਉਣ ਲਈ, ਯੋਜਨਾ ਸਾਲਾਨਾ 16,190 ਵਾਧੂ ਅਤੀ ਜ਼ਰੂਰੀ ਦੰਦਾਂ ਸੰਬੰਧੀ ਤੈਅ-ਮੁਲਾਕਾਤਾਂ (appointments) ਪ੍ਰਦਾਨ ਕਰੇਗੀ।

ਟਿਕਣਯੋਗਤਾ ਅਤੇ ਕਾਰਜ-ਬਲਾਂ ਦੀ ਭਰਤੀ ਦਾ ਸਮਰਥਨ ਕਰਨ ਲਈ, ICB ਨੇ ਅਪ੍ਰੈਲ 2025 ਤੋਂ NHS ਦੇ ਦੰਦਾਂ ਦੇ ਅਭਿਆਸਾਂ ਨੂੰ ਅਦਾ ਕੀਤੀ ਜਾਣ ਵਾਲੀ ਦਰ ਵਿੱਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਇੱਕ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਥਿਤੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਵਿੱਚ ਖੇਤਰ ਵਿੱਚ NHS ਡੈਂਟਲ ਪ੍ਰੈਕਟਿਸਾਂ ਦੀਆਂ ਰਾਸ਼ਟਰੀ ਪੱਧਰ 'ਤੇ ਤੁਲਨਾਤਮਕ ਤੌਰ 'ਤੇ ਘੱਟ ਦਰਾਂ ਰਹੀਆਂ ਹਨ। ਇਹ ਸਟੈਫੋਰਡਸ਼ਾਇਰ ਅਤੇ ਸਟੋਕ-ਆਨ-ਟ੍ਰੈਂਟ ਨੂੰ ਡੈਂਟਿਸਟਾਂ ਲਈ ਕੰਮ ਕਰਨ ਲਈ ਇੱਕ ਹੋਰ ਆਕਰਸ਼ਕ ਸਥਾਨ ਬਣਾ ਦੇਵੇਗਾ।

ਇਹ ਯੋਜਨਾ ਮੂੰਹ ਦੀ ਸਿਹਤ ਵਿੱਚ ਸੁਧਾਰ ਅਤੇ ਰੋਕਥਾਮ ਸੇਵਾ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਨੂੰ ਵੀ ਮਾਨਤਾ ਦਿੰਦੀ ਹੈ, ਜੋ ਬੱਚਿਆਂ ਅਤੇ ਨੌਜਵਾਨਾਂ ਲਈ ਪ੍ਰੋਗਰਾਮ ਪ੍ਰਦਾਨ ਕਰਦੀ ਹੈ, ਜਿਸ ਵਿੱਚ ਨਿਗਰਾਨੀ ਅਧੀਨ ਟੂਥਬ੍ਰਸ਼ਿੰਗ ਅਤੇ ਹੈਲਥ ਵਿਜ਼ੀਟਰਾਂ ਵਰਗੇ ਮੁੱਖ ਕਰਮਚਾਰੀਆਂ ਦੁਆਰਾ ਟੂਥਬ੍ਰਸ਼ ਅਤੇ ਟੂਥਪੇਸਟ ਪੈਕ ਦੀ ਵੰਡ, ਅਤੇ ਕੇਅਰ ਹੋਮ ਸਟਾਫ਼ ਲਈ ਮੂੰਹ ਦੀ ਦੇਖਭਾਲ ਸੰਬੰਧੀ ਸਿਖਲਾਈ ਪ੍ਰੋਗਰਾਮ ਸ਼ਾਮਲ ਹਨ ਤਾਂ ਜੋ ਉਹ ਕਮਜ਼ੋਰ ਬਜ਼ੁਰਗ ਬਾਲਗਾਂ ਦੀ ਸਹਾਇਤਾ ਕਰ ਸਕਣ।

# NHS ਡੈਂਟਿਸਟ ਨੂੰ ਲੱਭਣਾ ਅਤੇ ਉਹਨਾਂ ਕੋਲ ਨਾਮ ਦਰਜ ਕਰਵਾਉਣਾ

COVID -19 ਮਹਾਂਮਾਰੀ ਦੇ ਨਤੀਜੇ ਵਜੋਂ ਯੂਕੇ ਭਰ ਵਿੱਚ ਦੰਦਾਂ ਦੀ ਦੇਖਭਾਲ ਤੱਕ ਪਹੁੰਚ ਵਿੱਚ ਕਾਫ਼ੀ ਕਮੀ ਆਈ ਹੈ, ਜਿਸ ਨਾਲ 25 ਮਾਰਚ ਤੋਂ 7 ਜੂਨ 2020 ਤੱਕ ਦੰਦਾਂ ਦੇ ਇਲਾਜ ਬੰਦ ਰਹੇ। ਸੇਵਾਵਾਂ ਅਜੇ ਵੀ ਪੂਰੀ ਤਰ੍ਹਾਂ ਰਿਕਵਰ ਨਹੀਂ ਹੋਈਆਂ ਹਨ।

NHS ਡੈਂਟਿਸਟ ਕੋਲ ਰਜਿਸਟਰ ਕਰਨਾ ਕਿਸੇ GP ਕੋਲ ਰਜਿਸਟਰ ਕਰਨ ਨਾਲੋਂ ਵੱਖਰਾ ਹੈ ਕਿਉਂਕਿ ਇਹ ਇੱਕ ਨਿਰੰਤਰ ਵਚਨਬੱਧਤਾ ਦੀ ਗਰੰਟੀ ਨਹੀਂ ਦਿੰਦਾ। ਅਸੀਂ ਕਈ ਲੋਕਾਂ ਨਾਲ ਗੱਲ ਕੀਤੀ ਹੈ ਜਿਨ੍ਹਾਂ ਨੂੰ COVID- 19 ਤੋਂ ਬਾਅਦ ਪਤਾ ਲੱਗਾ ਕਿ ਉਹ ਹੁਣ ਆਪਣੇ ਡੈਂਟਿਸਟ ਦੀ ਸੂਚੀ ਵਿੱਚ ਨਹੀਂ ਸਨ।

31 ਮਾਰਚ 2024 ਤੱਕ ਦੇ 12 ਮਹੀਨਿਆਂ ਵਿੱਚ, ਸਟੈਫੋਰਡਸ਼ਾਇਰ ਵਿੱਚ 61% ਨਿਵਾਸੀ ਬੱਚੇ ਅਤੇ 43% ਨਿਵਾਸੀ ਬਾਲਗ NHS ਡੈਂਟਿਸਟਾਂ ਦੁਆਰਾ ਦੇਖੇ ਗਏ।

ਅਪ੍ਰੈਲ 2025 ਤੋਂ , NHS ਡੈਂਟਲ ਪ੍ਰੈਕਟਿਸਾਂ ਨੂੰ ਹੋਰ ਮਰੀਜ਼ਾਂ ਨੂੰ ਸਵੀਕਾਰ ਕਰਨ ਲਈ ਵਾਧੂ ਸਰੋਤ ਪ੍ਰਾਪਤ ਹੋਣਗੇ। ਡੈਂਟਲ ਹੈਲਥ ਈਕਵਿਟੀ ਆਡਿਟ ਵਿੱਚ ਉਜਾਗਰ ਕੀਤੇ ਗਏ ਖਾਸ ਖੇਤਰਾਂ ਨੂੰ ਹੱਲ ਕਰਨ ਲਈ ਵਾਧੂ ਫੰਡ ਅਲਾਟ ਕੀਤੇ ਗਏ ਹਨ।

ਕੋਕੋਈ NHS ਡੈਂਟਿਸਟ ਲੱਭੋ।

# ਆਪਣੀ ਡੈਂਟਲ ਅਪਾਇੰਟਮੈਂਟ ਤੋਂ ਕੀ ਉਮੀਦ ਕਰਨੀ ਹੈ

### 1. ਆਪਣੀ ਅਪਾਇੰਟਮੈਂਟ ਲਈ ਤਿਆਰ ਹੋ ਜਾਓ

ਜੇਕਰ ਤੁਹਾਨੂੰ ਦੰਦਾਂ ਵਿੱਚ ਕੋਈ ਦਰਦ ਜਾਂ ਮੂੰਹ ਜਾਂ ਦੰਦਾਂ ਸੰਬੰਧੀ ਕੋਈ ਸਮੱਸਿਆ ਹੈ ਤਾਂ ਆਪਣੇ ਡੈਂਟਿਸਟ ਨੂੰ ਦੱਸੋ। ਆਪਣੀ ਅਪਾਇੰਟਮੈਂਟ ਤੋਂ ਪਹਿਲਾਂ, ਆਪਣੇ ਲੱਛਣਾਂ, ਚਿੰਤਾਵਾਂ ਅਤੇ ਕੋਈ ਵੀ ਸਵਾਲ ਜੋ ਤੁਸੀਂ ਪੁੱਛਣਾ ਚਾਹੁੰਦੇ ਹੋ, ਉਸਨੂੰ ਲਿਖ ਲੈਣਾ ਇੱਕ ਚੰਗਾ ਵਿਚਾਰ ਹੈ।

### 2. ਜੇਕਰ ਤੁਸੀਂ ਚਿੰਤਤ ਮਹਿਸੂਸ ਕਰ ਰਹੇ ਹੋ ਤਾਂ ਆਪਣੇ ਡੈਂਟਿਸਟ ਨੂੰ ਦੱਸੋ।

ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਵੀ ਸਹਾਇਤਾ ਲਈ ਆਪਣੇ ਨਾਲ ਆਉਣ ਲਈ ਕਹਿ ਸਕਦੇ ਹੋ। ਆਪਣੇ ਡਰਾਂ ਬਾਰੇ ਆਪਣੇ ਡੈਂਟਿਸਟ ਨਾਲ ਗੱਲ ਕਰੋ।

ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਵੀ ਸਹਾਇਤਾ ਲਈ ਆਪਣੇ ਨਾਲ ਆਉਣ ਲਈ ਕਹਿ ਸਕਦੇ ਹੋ।

### 3. NHS ਜਾਂ ਨਿੱਜੀ ਦੇਖਭਾਲ?

ਕੀ ਤੁਹਾਨੂੰ NHS ਜਾਂ ਪ੍ਰਾਈਵੇਟ ਮਰੀਜ਼ ਵਜੋਂ ਦੇਖਿਆ ਜਾ ਰਿਹਾ ਹੈ? ਕੁਝ ਹਾਈ ਸਟ੍ਰੀਟ ਡੈਂਟਲ ਪ੍ਰੈਕਟਿਸਾਂ ਦੋਵੇਂ ਤਰ੍ਹਾਂ ਦੀ ਦੇਖਭਾਲ ਪ੍ਰਦਾਨ ਕਰਦੇ ਹਨ। ਜੇਕਰ ਤੁਹਾਨੂੰ ਇਲਾਜ ਦੀ ਲੋੜ ਹੈ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਇਲਾਜ ਕਰਵਾਉਣ ਤੋਂ ਪਹਿਲਾਂ ਇਹ ਸਮਝਦੇ ਹੋ ਕਿ ਇਸਦੀ ਕੀਮਤ ਕਿੰਨੀ ਹੋਵੇਗੀ।

ਰੁਟੀਨ ਅਤੇ ਐਮਰਜੈਂਸੀ NHS ਇਲਾਜ ਲਈ ਤਿੰਨ ਮਿਆਰੀ ਖ਼ਰਚੇ ਹਨ। ਐਮਰਜੈਂਸੀ ਇਲਾਜ ਦੀ ਲਾਗਤ ਸਭ ਤੋਂ ਘੱਟ ਬੈਂਡ ਲਾਗਤ ਦੇ ਬਰਾਬਰ ਹੈ। ਤੁਹਾਡਾ ਡੈਂਟਿਸਟ ਫੈਸਲਾ ਕਰੇਗਾ ਕਿ ਤੁਹਾਨੂੰ ਤੁਰੰਤ ਇਲਾਜ ਦੀ ਲੋੜ ਹੈ ਜਾਂ ਨਹੀਂ।

ਇੱਕ ਪ੍ਰਾਈਵੇਟ ਡੈਂਟਿਸਟ ਦੀ ਅਪਾਇੰਟਮੈਂਟ ਦੀ ਕੀਮਤ ਇੱਕ ਪ੍ਰੈਕਟਿਸ ਤੋਂ ਦੂਜੀ ਤੱਕ ਵੱਖ-ਵੱਖ ਹੋਵੇਗੀ।

## 4. ਕੀ ਤੁਸੀਂ ਮੁਫ਼ਤ NHS ਇਲਾਜ ਲਈ ਯੋਗ ਹੋ?

ਕੁਝ ਵਿਅਕਤੀ ਮੁਫ਼ਤ ਜਾਂ ਘੱਟ ਲਾਗਤ ਵਾਲੀ NHS ਦੰਦਾਂ ਦੀ ਦੇਖਭਾਲ ਅਤੇ ਸਿਹਤ ਸੰਬੰਧੀ ਲਾਗਤ ਵਿੱਚ ਸਹਾਇਤਾ ਲਈ ਯੋਗ ਹੁੰਦੇ ਹਨ। ਇਸ ਵਿੱਚ ਬੱਚੇ, ਗਰਭਵਤੀ ਔਰਤਾਂ ਜਾਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਪਹਿਲੇ ਸਾਲ ਵਾਲੀਆਂ ਔਰਤਾਂ ਅਤੇ ਲਾਭ ਪ੍ਰਾਪਤ ਕਰਨ ਵਾਲੇ ਲੋਕ ਸ਼ਾਮਲ ਹਨ।

https://www.nhs.uk/nhs-services/dentists/who-can-get-free-nhs-dental-treatment/

## 5. ਆਪਣੇ ਡੈਂਟਿਸਟ ਤੋਂ ਇਲਾਜ ਯੋਜਨਾ ਬਾਰੇ ਪੁੱਛੋ।

ਦੰਦਾਂ ਦੇ ਇਲਾਜ ਜਿਵੇਂ ਕਿ ਜਾੜ੍ਹਾਂ ਭਰਨੀਆਂ (fillings), ਦੰਦ ਕੱਢਣਾ, ਅਤੇ ਰੂਟ ਕੈਨਾਲ ਵਰਗੀਆਂ ਹੋਰ ਗੁੰਝਲਦਾਰ ਪ੍ਰਕਿਰਿਆਵਾਂ ਦੀ ਇੱਕ ਕੀਮਤ ਹੋਵੇਗੀ। ਇਹ ਆਮ ਤੌਰ 'ਤੇ ਬੈਂਡ ਦੋ ਅਤੇ ਤਿੰਨ ਲਈ NHS ਖ਼ਰਚਿਆਂ ਵਿੱਚ ਆਉਂਦੇ ਹਨ। ਜੇਕਰ ਤੁਹਾਡਾ ਡੈਂਟਿਸਟ ਇਸ ਇਲਾਜ ਦੀ ਸਿਫ਼ਾਰਸ਼ ਕਰਦਾ ਹੈ ਤਾਂ ਤੁਹਾਨੂੰ ਇੱਕ ਨਿੱਜੀ ਦੰਦਾਂ ਦੇ ਇਲਾਜ ਯੋਜਨਾ ਲੈਣੀ ਚਾਹੀਦੀ ਹੈ।

ਤੁਹਾਡੀ ਇਲਾਜ ਯੋਜਨਾ ਤੁਹਾਡੇ ਇਲਾਜਾਂ ਅਤੇ ਸੰਬੰਧਿਤ ਲਾਗਤਾਂ ਦੀ ਰੂਪਰੇਖਾ ਦੇਵੇਗੀ। ਤੁਹਾਡੇ ਡੈਂਟਿਸਟ ਨੂੰ ਕਿਸੇ ਵੀ ਵਿਕਲਪਕ ਨਿੱਜੀ ਇਲਾਜ ਚੋਣਾਂ ਬਾਰੇ ਵੀ ਚਰਚਾ ਕਰਨੀ ਚਾਹੀਦੀ ਹੈ ਅਤੇ ਤੁਹਾਡੇ ਇਸ ਲਈ ਵਚਨਬੱਧ ਹੋਣ ਤੋਂ ਪਹਿਲਾਂ ਤੁਹਾਨੂੰ ਲਿਖਤੀ ਰੂਪ ਵਿੱਚ ਕੀਮਤ ਦੱਸਣੀ ਚਾਹੀਦੀ ਹੈ।

## 6. ਆਪਣੇ ਡੈਂਟਿਸਟ ਦੀ ਸਲਾਹ ਦੀ ਪਾਲਣਾ ਕਰੋ

ਤੁਹਾਡੀ ਅਪਾਇੰਟਮੈਂਟ ਦੌਰਾਨ, ਤੁਹਾਡੇ ਡੈਂਟਿਸਟ ਨੂੰ ਤੁਹਾਨੂੰ ਮੂੰਹ ਦੀ ਸਫਾਈ ਬਾਰੇ ਸਲਾਹ ਦੇਣੀ ਚਾਹੀਦੀ ਹੈ, ਇਹ ਦੱਸਣਾ ਚਾਹੀਦਾ ਹੈ ਕਿ ਮਸੂੜਿਆਂ ਦੀ ਬਿਮਾਰੀ ਅਤੇ ਦੰਦਾਂ ਦੀ ਖੈਅ ਤੋਂ ਬਚਣ ਲਈ ਆਪਣੇ ਦੰਦਾਂ ਦੀ ਸਭ ਤੋਂ ਵਧੀਆ ਦੇਖਭਾਲ ਕਿਵੇਂ ਕਰਨੀ ਹੈ। ਉਹ ਤੁਹਾਨੂੰ ਦੰਦਾਂ ਦੇ ਹਾਈਜੀਨਿਸਟ (hygienist) ਨਾਲ ਅਪਾਇੰਟਮੈਂਟ ਨਿਯਤ ਕਰਨ ਦਾ ਸੁਝਾਅ ਵੀ ਦੇ ਸਕਦੇ ਹਨ।

## 7. ਕੀ ਤੁਹਾਨੂੰ ਆਪਣੀ ਇਲਾਜ ਯੋਜਨਾ ਬਾਰੇ ਪੱਕਾ ਪਤਾ ਨਹੀਂ ਹੈ? ਦੁਬਾਰਾ ਪੁੱਛੋ

ਜੇ ਤੁਹਾਨੂੰ ਆਪਣੇ ਦੰਦਾਂ ਦੇ ਇਲਾਜ ਜਾਂ ਬਾਅਦ ਦੀ ਦੇਖਭਾਲ ਬਾਰੇ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਆਪਣੇ ਡੈਂਟਿਸਟ ਨੂੰ ਕਮਰਾ ਛੱਡਣ ਤੋਂ ਪਹਿਲਾਂ ਆਪਣੇ ਨਾਲ ਇਸਦੀ ਸਮੀਖਿਆ ਕਰਨ ਲਈ ਕਹੋ। ਤੁਹਾਡਾ ਡੈਂਟਿਸਟ ਤੁਹਾਡੇ ਨਾਲ ਦੁਬਾਰਾ ਤੁਹਾਡੀ ਇਲਾਜ ਯੋਜਨਾ ਬਾਰੇ ਚਰਚਾ ਕਰਕੇ ਖੁਸ਼ ਹੋਵੇਗਾ ਅਤੇ ਜੇ ਤੁਹਾਡੀ ਅਪਾਇੰਟਮੈਂਟ ਤੋਂ ਬਾਅਦ ਤੁਹਾਡੇ ਕੋਈ ਸਵਾਲ ਹਨ ਤਾਂ ਉਹ ਤੁਹਾਨੂੰ ਇਸ ਬਾਰੇ ਵੇਰਵੇ ਦੇਵੇਗਾ ਕਿ ਤੁਸੀਂ ਕਿਸ ਨਾਲ ਸੰਪਰਕ ਕਰ ਸਕਦੇ ਹੋ।

## 8. ਪਤਾ ਕਰੋ ਕਿ ਤੁਹਾਡਾ ਚੈੱਕ-ਅੱਪ ਕਦੋਂ ਹੋਣਾ ਹੈ

ਤੁਹਾਡਾ ਡੈਂਟਿਸਟ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਉਹਨਾਂ ਨੂੰ ਦੁਬਾਰਾ ਕਦੋਂ ਮਿਲਣ ਦੀ ਲੋੜ ਪਵੇਗੀ। ਤੁਹਾਡੇ ਦੰਦ ਅਤੇ ਮਸੂੜੇ ਕਿੰਨੇ ਸਿਹਤਮੰਦ ਹਨ, ਇਸ ਗੱਲ 'ਤੇ ਨਿਰਭਰ ਕਰਨ ਅਨੁਸਾਰ ਫਾਲੋ-ਅੱਪ ਮੁਲਾਕਾਤਾਂ ਆਮ ਤੌਰ 'ਤੇ ਤਿੰਨ ਮਹੀਨਿਆਂ ਤੋਂ ਦੋ ਸਾਲਾਂ ਬਾਅਦ ਹੁੰਦੀਆਂ ਹਨ। ਹਾਲਾਂਕਿ, ਜੇਕਰ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਡੈਂਟਿਸਟ ਨੂੰ ਮਿਲੋ।

## 9. ਕੀ ਤੁਹਾਨੂੰ ਕੋਈ ਅਪੰਗਤਾ, ਵਿਕਾਰ ਜਾਂ ਸੰਵੇਦੀ ਨੁਕਸਾਨ ਹੈ?

ਜੇਕਰ NHS ਤੁਹਾਡੇ ਇਲਾਜ ਲਈ ਅੰਸ਼ਕ ਜਾਂ ਸਮੁੱਚਾ ਫੰਡ ਦਿੰਦੀ ਹੈ, ਤਾਂ ਤੁਹਾਡੇ ਡੈਂਟਿਸਟ ਨੂੰ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਤੁਹਾਨੂੰ ਉਹ ਜਾਣਕਾਰੀ ਮਿਲੇ ਜੋ ਤੁਸੀਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਸਾਨੀ ਨਾਲ ਪੜ੍ਹ ਜਾਂ ਸਮਝ ਸਕਦੇ ਹੋ।

ਮੂੜ੍ਹ-ਚਿੱਤਤਾ (dementia) ਵਾਲੇ ਵਿਅਕਤੀ ਦੀਆਂ ਦੰਦਾਂ ਦੀਆਂ ਜ਼ਰੂਰਤਾਂ ਵਧੇਰੇ ਗੁੰਝਲਦਾਰ ਹੋ ਸਕਦੀਆਂ ਹਨ ਅਤੇ ਉਹਨਾਂ ਨੂੰ ਮਾਹਰ ਇਲਾਜ ਦੀ ਲੋੜ ਹੋ ਸਕਦੀ ਹੈ, ਅਤੇ ਇਲਾਜ ਲਈ ਸਹਿਮਤੀ ਦੇਣ ਦੀ ਮਾਨਸਿਕ ਸਮਰੱਥਾ ਦਾ ਮੁਲਾਂਕਣ ਕਰਨ ਦੀ ਲੋੜ ਹੋ ਸਕਦੀ ਹੈ। ਅਲਜ਼ਾਈਮਰ ਸੋਸਾਇਟੀ ਕੋਲ ਏਥੇ ਹੋਰ ਜਾਣਕਾਰੀ ਹੈ। ਮੂੜ੍ਹ-ਚਿੱਤਤਾ (dementia) ਵਾਲੇ ਲੋਕਾਂ ਲਈ ਦੰਦਾਂ ਅਤੇ ਮੂੰਹ ਦੀ ਦੇਖਭਾਲ ਬਾਰੇ ਜਾਣਕਾਰੀ ਏਥੇ ਮਿਲ ਸਕਦੀ ਹੈ।

### 10 ਨਾਖੁਸ਼ ਹੋ? ਜਾਣੋ ਕਿ ਸ਼ਿਕਾਇਤ ਕਿਵੇਂ ਕਰਨੀ ਹੈ

ਆਪਣੀ ਦੇਖਭਾਲ ਬਾਰੇ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਪਹਿਲਾਂ ਆਪਣੀ ਡੈਂਟਲ ਪ੍ਰੈਕਟਿਸ ਨਾਲ ਗੱਲ ਕਰਨਾ ਹਮੇਸ਼ਾ ਸਭ ਤੋਂ ਵਧੀਆ ਹੁੰਦਾ ਹੈ। ਜੇ ਤੁਸੀਂ ਅਜੇ ਵੀ ਆਪਣੀ ਦੇਖਭਾਲ ਤੋਂ ਖੁਸ਼ ਨਹੀਂ ਹੋ, ਤਾਂ ਆਪਣੇ ਡੈਂਟਿਸਟ ਤੋਂ ਸ਼ਿਕਾਇਤ ਪ੍ਰਕਿਰਿਆ ਦੀ ਇੱਕ ਕਾਪੀ ਮੰਗੋ।

## ਐਮਰਜੈਂਸੀ ਡੈਂਟਲ ਅਪਾਇੰਟਮੈਂਟ ਕਿਵੇਂ ਹਾਸਲ ਕਰੀਏ

ਸਟੈਫੋਰਡਸ਼ਾਇਰ ਵਿੱਚ ਰੁਟੀਨ ਜਾਂ ਐਮਰਜੈਂਸੀ ਦੰਦਾਂ ਦੀ ਦੇਖਭਾਲ ਤੱਕ ਪਹੁੰਚ ਪ੍ਰਾਪਤ ਕਰਨ ਲਈ ਦੰਦਾਂ ਬਾਬਤ ਸਲਾਹ ਲਾਈਨ ਨੂੰ **0300 123 0981** ' ਤੇ ਸੰਪਰਕ ਕਰੋ ਜਾਂ **NHS 111** ਨੂੰ ਕਾਲ ਕਰੋ।

**ਅਤੀ ਜ਼ਰੂਰੀ NHS ਇਲਾਜ ਦੀ ਲਾਗਤ £27.40 ਹੈ ਜਦੋਂ ਤੱਕ ਕਿ ਖ਼ਰਚਿਆਂ ਤੋਂ ਛੋਟ ਨਾ ਮਿਲ਼ੀ ਹੋਵੇ।**

ਅਤੀ ਜ਼ਰੂਰੀ ਇਲਾਜ ਵਿੱਚ ਸ਼ਾਮਲ ਹੋ ਸਕਦੇ ਹਨ:

- ਮੁਆਇਨਾ, ਮੁਲਾਂਕਣ ਅਤੇ ਸਲਾਹ
- ਐਕਸਰੇ
- ਦੰਦਾਂ ਦੀ ਪੱਟੀ (ਇੱਕ ਅਸਥਾਈ ਭਰਾਈ)
- ਐਮਰਜੈਂਸੀ ਅੰਸ਼ਕ ਰੂਟ ਕੈਨਾਲ ਇਲਾਜ, ਉਦਾਹਰਨ ਲਈ, ਪਲਪੈਕਟੋਮੀ (pulpectomy) ਜਾਂ ਵਾਈਟਲ ਪਲਪਟੋਮੀ (vital pulpotomy)
- ਟੁੱਟੇ ਹੋਏ ਦੰਦ ਦਾ ਪ੍ਰਬੰਧਨ ਜਾਂ ਸੱਟ ਲਈ ਲੋੜੀਂਦਾ ਕੋਈ ਵੀ ਜ਼ਰੂਰੀ ਇਲਾਜ
- ਇਨਲੇਅ, ਕਰਾਊਨ ਅਤੇ ਬ੍ਰਿਜਾਂ ਨੂੰ ਦੁਬਾਰਾ ਫਿਕਸ ਕਰਨਾ
- 2 ਤੱਕ ਦੰਦਾਂ ਨੂੰ ਕੱਢਣਾ
- ਬਾਅਦ ਦੀ ਦੇਖਭਾਲ, ਜਿਸ ਵਿੱਚ ਲਾਗਾਂ ਦਾ ਇਲਾਜ ਵੀ ਸ਼ਾਮਲ ਹੈ
- ਨਕਲੀ ਦੰਦਾਂ (ਡੈਂਚਰ) ਜਾਂ ਆਰਥੋਡੋਂਟਿਕ ਉਪਕਰਣਾਂ, ਜਿਵੇਂ ਕਿ ਬਰੇਸਾਂ ਦੀ ਐਡਜਸਟਮੈਂਟ ਅਤੇ ਤਬਦੀਲੀ
- ਅਚਾਨਕ ਆਉਣ ਵਾਲੀਆਂ ਗੰਭੀਰ ਸਥਿਤੀਆਂ, ਜਿਵੇਂ ਕਿ ਅਲਸਰ ਅਤੇ ਹਰਪੇਟਿਕ ਜਖ਼ਮਾਂ ਲਈ ਤੁਰੰਤ ਇਲਾਜ
- ਸੰਵੇਦਨਸ਼ੀਲ ਦੰਦਾਂ ਦਾ ਇਲਾਜ ਜੋ ਦੰਦਾਂ ਦੇ ਉਹਨਾਂ ਹਿੱਸਿਆਂ ਨੂੰ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਨੂੰ ਸੀਮੈਂਟਮ (cementum) ਜਾਂ ਡੈਂਟਾਈਨ (dentine) ਕਿਹਾ ਜਾਂਦਾ ਹੈ।
- ਦੰਦਾਂ ਦੇ ਫੋੜੇ ਨੂੰ ਕੱਢਣਾ ਅਤੇ ਕਿਸੇ ਵੀ ਲਾਗ ਦਾ ਇਲਾਜ ਕਰਨਾ
- 1 ਜ਼ਰੂਰੀ ਭਰਾਈ (ਨਿਯਮਿਤ ਅਤੇ ਗੈਰ-ਜ਼ਰੂਰੀ ਭਰਾਈਆਂ ਬੈਂਡ 2 ਵਿੱਚ ਆਉਂਦੇ ਇਲਾਜ ਹਨ)

ਤੁਹਾਡੀ ਜ਼ਰੂਰੀ ਅਪਾਇੰਟਮੈਂਟ ਤੋਂ ਬਾਅਦ ਤੁਹਾਨੂੰ ਹੋਰ ਦੰਦਾਂ ਦੇ ਇਲਾਜ ਦੀ ਲੋੜ ਹੋ ਸਕਦੀ ਹੈ, ਜਿਸਦੇ ਵਾਧੂ ਖ਼ਰਚੇ ਹੋ ਸਕਦੇ ਹਨ।

# NHS ਦੰਦਾਂ ਦੇ ਇਲਾਜ ਲਈ ਖ਼ਰਚੇ

## (ਸਤੰਬਰ 2025 ਤੱਕ ਸਹੀ)

ਜ਼ਿਆਦਾਤਰ ਬਾਲਗਾਂ ਨੂੰ NHS ਦੰਦਾਂ ਦੀਆਂ ਮੁਲਾਕਾਤਾਂ ਅਤੇ ਦੰਦਾਂ ਦੇ ਇਲਾਜ ਲਈ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ।

ਕੁਝ ਲੋਕ ਮੁਫ਼ਤ ਵਿੱਚ NHS ਤੋਂ ਦੰਦਾਂ ਦਾ ਇਲਾਜ ਕਰਵਾ ਸਕਦੇ ਹਨ ਜਾਂ ਇਲਾਜ ਦੀ ਲਾਗਤ ਦੇ ਕੁਝ ਹਿੱਸੇ ਵਿੱਚ ਮਦਦ ਕਰ ਸਕਦੇ ਹਨ। ਅੱਗੇ ਵਧਣ ਤੋਂ ਪਹਿਲਾਂ ਤੁਹਾਨੂੰ ਆਪਣੀ ਡੈਂਟਲ ਪ੍ਰੈਕਟਿਸ ਨਾਲ ਇਸ ਬਾਰੇ ਚਰਚਾ ਕਰਨ ਦੀ ਲੋੜ ਹੈ।

ਜੇ ਤੁਸੀਂ NHS ਕੋਲੋਂ ਦੰਦਾਂ ਦੇ ਇਲਾਜ ਲਈ ਭੁਗਤਾਨ ਕਰਦੇ ਹੋ, ਤਾਂ ਲਾਗਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਦੰਦਾਂ ਦੇ ਸਿਹਤ ਸੰਭਾਲ ਪੇਸ਼ੇਵਰ ਦੇ ਸੋਚਣ ਮੁਤਾਬਿਕ ਤੁਹਾਨੂੰ ਕਿਸ ਇਲਾਜ ਦੀ ਲੋੜ ਹੈ। ਦੰਦਾਂ ਦੇ ਇਲਾਜਾਂ ਨੂੰ 3 ਬੈਂਡਾਂ ਵਿੱਚ ਵੰਡਿਆ ਗਿਆ ਹੈ , ਅਤੇ ਹਰੇਕ ਬੈਂਡ ਦੀ ਕੀਮਤ ਵੱਖਰੀ ਹੁੰਦੀ ਹੈ। ਜੇਕਰ ਤੁਹਾਨੂੰ ਵੱਖ-ਵੱਖ ਬੈਂਡਾਂ ਤੋਂ ਇਲਾਜਾਂ ਦੇ ਮਿਸ਼ਰਣ ਦੀ ਲੋੜ ਹੈ, ਤਾਂ ਤੁਸੀਂ ਆਪਣੇ ਦੁਆਰਾ ਕਰਵਾਏ ਜਾ ਰਹੇ ਇਲਾਜ ਦੇ ਸਭ ਤੋਂ ਉੱਚੇ ਬੈਂਡ ਦੀ ਲਾਗਤ ਦਾ ਭੁਗਤਾਨ ਕਰੋਗੇ।

### ਬੈਂਡ 1: £27.40

ਬੈਂਡ 1 ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਮੁਆਇਨਾ, ਮੁਲਾਂਕਣ ਅਤੇ ਸਲਾਹ (ਇੱਕ ਰੁਟੀਨ ਡੈਂਟਲ ਅਪਾਇੰਟਮੈਂਟ)
- ਐਕਸ-ਰੇ, ਜੇ ਡਾਕਟਰੀ ਤੌਰ 'ਤੇ ਲੋੜ ਹੋਵੇ
- ਆਪਣੇ ਦੰਦਾਂ ਦੀ ਸਤ੍ਹਾ 'ਤੇ ਫਲੋਰਾਈਡ ਲਗਾਉਣਾ
- ਮਸੂੜਿਆਂ ਦੀ ਬਿਮਾਰੀ ਦਾ ਸਰਲ ਪ੍ਰਬੰਧਨ, ਜਿਵੇਂ ਕਿ ਸਕੇਲਿੰਗ (ਆਪਣੇ ਦੰਦਾਂ ਅਤੇ ਮਸੂੜਿਆਂ ਦੀ ਪੂਰੀ ਤਰ੍ਹਾਂ ਸਫਾਈ), ਜੇਕਰ ਡਾਕਟਰੀ ਤੌਰ 'ਤੇ ਲੋੜ ਹੋਵੇ।
- ਤੁਹਾਡੇ ਦੰਦਾਂ ਦੇ ਮੋਲਡ (mould), ਉਦਾਹਰਣ ਵਜੋਂ ਇਹ ਦੇਖਣ ਲਈ ਕਿ ਤੁਹਾਡੇ ਦੰਦ ਇਕੱਠੇ ਕਿਵੇਂ ਕੱਟਦੇ ਹਨ
- ਨਕਲੀ ਦੰਦਾਂ (ਡੈਂਚਰ) ਜਾਂ ਆਰਥੋਡੋਂਟਿਕ ਉਪਕਰਣਾਂ, ਜਿਵੇਂ ਕਿ ਬਰੇਸਾਂ - ਵਿੱਚ ਘੱਟੋ-ਘੱਟ ਸਮਾਯੋਜਨ (adjustments) - ਉਦਾਹਰਣ ਵਜੋਂ, ਖੁਰਦਰੇ ਹਿੱਸਿਆਂ ਨੂੰ ਸਮਤਲ ਕਰਨਾ ਜਾਂ ਕਲੈਸਪ ਕੱਸਣਾ

ਜੇਕਰ ਤੁਹਾਡਾ ਦੰਦਾਂ ਦਾ ਸਿਹਤ ਸੰਭਾਲ ਪੇਸ਼ੇਵਰ ਕਹਿੰਦਾ ਹੈ ਕਿ ਸਕੇਲਿੰਗ ਡਾਕਟਰੀ ਤੌਰ 'ਤੇ ਜ਼ਰੂਰੀ ਹੈ, ਤਾਂ ਤੁਸੀਂ ਇਸਨੂੰ NHS 'ਤੇ ਪ੍ਰਾਪਤ ਕਰ ਸਕਦੇ ਹੋ।

ਸਕੇਲਿੰਗ ਆਮ ਤੌਰ 'ਤੇ ਬੈਂਡ 1 (£27.40) ਵਿੱਚ ਸ਼ਾਮਲ ਹੁੰਦੀ ਹੈ , ਪਰ ਵਿਆਪਕ ਇਲਾਜ, ਜਾਂ ਗੁੰਝਲਦਾਰ ਮਸੂੜਿਆਂ ਦੀਆਂ ਸਮੱਸਿਆਵਾਂ ਲਈ ਇਲਾਜ ਬੈਂਡ 2 (£75.30) ਦੇ ਇਲਾਜ ਵਜੋਂ ਚਾਰਜ ਕੀਤਾ ਜਾ ਸਕਦਾ ਹੈ।

ਜੇ ਡੈਂਟਿਸਟ ਕਹਿੰਦਾ ਹੈ ਕਿ ਸਕੇਲਿੰਗ ਡਾਕਟਰੀ ਤੌਰ 'ਤੇ ਜ਼ਰੂਰੀ ਨਹੀਂ ਹੈ, ਤਾਂ ਤੁਹਾਨੂੰ ਇਸਦਾ ਭੁਗਤਾਨ ਨਿੱਜੀ ਤੌਰ 'ਤੇ ਕਰਨਾ ਪਵੇਗਾ।

## ਬੈਂਡ 2: £75.30

ਬੈਂਡ 2 ਇਲਾਜ ਵਿੱਚ ਬੈਂਡ 1 ਦੀਆਂ ਸਾਰੀਆਂ ਚੀਜ਼ਾਂ ਸ਼ਾਮਲ ਹਨ , ਨਾਲ ਹੀ ਇਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਖੋੜਾਂ ਦੀਆਂ ਭਰਾਈਆਂ (fillings)
- ਰੂਟ ਕੈਨਾਲ ਇਲਾਜ ਤਾਂ ਜੋ ਤੁਹਾਡੇ ਦੰਦ ਦੇ ਕੇਂਦਰ ਵਿੱਚ ਲਾਗ ਜਾਂ ਸੋਜ ਦਾ ਇਲਾਜ ਕੀਤਾ ਜਾ ਸਕੇ
- ਦੰਦ ਕੱਢਣਾ (ਨਿਕਾਸੀ) ਅਤੇ ਮੂੰਹ ਦੀ ਸਰਜਰੀ ਦੀਆਂ ਹੋਰ ਪ੍ਰਕਿਰਿਆਵਾਂ
- ਤੁਹਾਡੇ ਦੰਦਾਂ ਵਿੱਚ ਛੋਟੇ ਸੁਰਾਖਾਂ ਜਾਂ ਝਰੀਆਂ ਨੂੰ ਭਰਨ ਲਈ ਸੀਲੈਂਟ
- ਤੁਹਾਡੇ ਨਕਲੀ ਦੰਦਾਂ (ਡੈਂਚਰ) ਨਾਲ ਜੋੜਨਾ, ਜਿਵੇਂ ਕਿ ਕਲੈਪ ਜਾਂ ਦੰਦ ਜੋੜਨਾ, ਜਾਂ ਵਿਆਪਕ ਸਮਾਯੋਜਨ (adjustments) ਕਰਨਾ, ਜਿਵੇਂ ਕਿ ਰੀਲਾਈਨਿੰਗ ਅਤੇ ਰੀਬੇਸਿੰਗ
- ਤੁਹਾਡੇ ਦੰਦੀ (bite) ਨੂੰ ਠੀਕ ਕਰਨ ਲਈ ਦੰਦੀ ਚੁੱਕਣ ਵਾਲਾ ਉਪਕਰਣ (ਇਸ ਵਿੱਚ ਪ੍ਰਯੋਗਸ਼ਾਲਾ ਦੁਆਰਾ ਬਣਾਇਆ ਗਿਆ ਉਪਕਰਣ ਸ਼ਾਮਲ ਨਹੀਂ ਹੈ)
- ਮਸੂੜਿਆਂ ਦੀ ਬਿਮਾਰੀ ਦਾ ਵਿਆਪਕ ਪ੍ਰਬੰਧਨ

### ਸਫੈਦ ਭਰਾਈਆਂ

ਜਦੋਂ ਡਾਕਟਰੀ ਤੌਰ 'ਤੇ ਜ਼ਰੂਰੀ ਹੋਵੇ ਤਾਂ NHS 'ਤੇ ਸਫੈਦ ਭਰਾਈਆਂ ਉਪਲਬਧ ਹਨ। ਉਦਾਹਰਣ ਵਜੋਂ, ਜੇ ਤੁਹਾਨੂੰ ਆਪਣੇ ਅਗਲੇ ਦੰਦ ਵਿੱਚ ਭਰਾਈ ਦੀ ਲੋੜ ਹੈ।

ਜੇ ਤੁਹਾਡੇ ਪਿਛਲੇ ਦੰਦਾਂ ਵਿੱਚੋਂ ਕਿਸੇ ਇੱਕ ਵਿੱਚ ਭਰਾਈ ਦੀ ਲੋੜ ਹੈ, ਤਾਂ ਇੱਕ ਵਧੇਰੇ ਪ੍ਰਭਾਵਸ਼ਾਲੀ ਵਿਕਲਪ ਚਾਂਦੀ ਰੰਗ ਦੀ ਭਰਾਈ ਹੋ ਸਕਦੀ ਹੈ।

ਤੁਹਾਡੇ ਡੈਂਟਿਸਟ ਨੂੰ ਤੁਹਾਡੇ ਵਿਕਲਪਾਂ ਬਾਰੇ ਦੱਸਣਾ ਚਾਹੀਦਾ ਹੈ। ਜੇ ਤੁਸੀਂ ਸਫੈਦ ਭਰਾਈ ਪਸੰਦ ਕਰਦੇ ਹੋ, ਤਾਂ ਤੁਹਾਡਾ ਡੈਂਟਿਸਟ ਤੁਹਾਨੂੰ ਨਿੱਜੀ ਖ਼ਰਚਿਆਂ ਅਤੇ ਜੋਖ਼ਮਾਂ ਅਤੇ ਫਾਇਦਿਆਂ ਬਾਰੇ ਸਲਾਹ ਦੇਣ ਦੇ ਯੋਗ ਹੋਵੇਗਾ।

### ਰੂਟ ਕੈਨਾਲ ਇਲਾਜ

ਤੁਹਾਡਾ ਡੈਂਟਿਸਟ ਰੂਟ ਕੈਨਾਲ ਇਲਾਜ ਪ੍ਰਦਾਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ, ਪਰ ਜੇਕਰ ਤੁਹਾਨੂੰ ਵਧੇਰੇ ਗੁੰਝਲਦਾਰ ਇਲਾਜ ਦੀ ਲੋੜ ਹੈ, ਤਾਂ ਉਹ ਤੁਹਾਨੂੰ ਕਿਸੇ ਹੋਰ ਸੇਵਾ ਕੋਲ ਭੇਜ ਸਕਦੇ ਹਨ।

ਤੁਹਾਨੂੰ NHS 'ਤੇ ਰੂਟ ਕੈਨਾਲ ਇਲਾਜ ਕਰਵਾਉਣ ਦੇ ਵਿਕਲਪ ਵਜੋਂ ਨਿੱਜੀ ਤੌਰ 'ਤੇ ਰੂਟ ਕੈਨਾਲ ਇਲਾਜ ਕਰਵਾਉਣ ਦਾ ਵਿਕਲਪ ਦਿੱਤਾ ਜਾ ਸਕਦਾ ਹੈ।

ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਨਿੱਜੀ ਇਲਾਜ ਕਰਵਾਉਂਦੇ ਹੋ ਜਾਂ ਜਿੱਥੇ ਉਪਲਬਧ ਹੋਵੇ, ਉਥੇ ਤੁਹਾਨੂੰ NHS ਮਾਹਰ ਸੇਵਾ ਕੋਲ ਭੇਜਿਆ ਜਾਂਦਾ ਹੈ।

### ਅਕਲ ਜਾੜ੍ਹ ਕੱਢਣਾ

ਡਾਕਟਰੀ ਤੌਰ 'ਤੇ ਜ਼ਰੂਰੀ ਹੋਣ 'ਤੇ NHS ਵਿਖੇ ਅਕਲ ਜਾੜ੍ਹਾਂ ਕੱਢੀਆਂ ਜਾ ਸਕਦੀਆਂ ਹਨ। ਤੁਹਾਡਾ ਡੈਂਟਿਸਟ ਇਹਨਾਂ ਨੂੰ ਕੱਢਣ ਦੇ ਯੋਗ ਹੋ ਸਕਦਾ ਹੈ ਜਾਂ ਤੁਹਾਨੂੰ ਕਿਸੇ ਮਾਹਰ ਸੇਵਾ ਕੋਲ ਭੇਜ ਸਕਦਾ ਹੈ। ਤੁਸੀਂ ਪ੍ਰਾਈਵੇਟ ਡਾਕਟਰ ਕੋਲੋਂ ਅਕਲ ਜਾੜ੍ਹ ਕਢਵਾਉਣ ਦੀ ਚੋਣ ਵੀ ਕਰ ਸਕਦੇ ਹੋ।

## ਬੈਂਡ 3: £326.70

ਬੈਂਡ 3 ਇਲਾਜ ਵਿੱਚ ਬੈਂਡ 1 ਅਤੇ ਬੈਂਡ 2 ਵਿਚਲੀਆਂ ਸਾਰੀਆਂ ਚੀਜ਼ਾਂ ਸ਼ਾਮਲ ਹਨ, ਪਰ ਨਾਲ ਹੀ ਇਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਇੱਕ ਕਿਸਮ ਦੀ ਕੈਪ (ਤਾਜ) ਜੋ ਤੁਹਾਡੇ ਅਸਲੀ ਦੰਦ ਨੂੰ ਢਕਦੀ ਹੈ
- ਇਨਲੇਅ ਅਤੇ ਔਨਲੇਅ ਨਾਲ ਖਰਾਬ ਦੰਦਾਂ ਨੂੰ ਬਹਾਲ ਕਰਨਾ
- ਪਲਾਸਟਿਕ ਜਾਂ ਧਾਤ ਤੋਂ ਬਣੇ ਨਕਲੀ ਦੰਦਾਂ ਦੇ (ਡੈਂਚਰ)
- ਚਲੇ ਗਏ ਦੰਦ ਜਾਂ ਦੰਦਾਂ ਲਈ ਇੱਕ ਨਿਸ਼ਚਿਤ ਬਦਲੀ
- ਹੋਰ ਵਿਸ਼ੇਸ਼ ਤੌਰ 'ਤੇ ਬਣਾਏ ਗਏ ਉਪਕਰਸ, ਖੇਡਾਂ ਵਾਲੇ ਗਾਰਡਾਂ ਨੂੰ ਛੱਡ ਕੇ

### ਕ੍ਰਾਊਨ ਅਤੇ ਬ੍ਰਿਜ

ਤੁਹਾਨੂੰ ਕਿਸੇ ਪਿਛਲੇ ਦੰਦ 'ਤੇ ਧਾਤੂ ਦੇ ਰੰਗ ਦੇ ਕ੍ਰਾਊਨ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਤੁਸੀਂ ਆਪਣੇ ਡੈਂਟਿਸਟ ਨਾਲ ਨਿੱਜੀ ਤੌਰ 'ਤੇ ਉਪਲਬਧ ਵਿਕਲਪਾਂ, ਨਾਲ ਹੀ ਜੋਖ਼ਮਾਂ, ਲਾਭਾਂ ਅਤੇ ਲਾਗਤਾਂ ਬਾਰੇ ਚਰਚਾ ਕਰ ਸਕਦੇ ਹੋ। ਭਵਿੱਖ ਵਿੱਚ ਕ੍ਰਾਊਨ ਬਦਲਣ ਦੀ ਲੋੜ ਹੋ ਸਕਦੀ ਹੈ।

### ਔਰਥੋਡੌਂਟਿਕਸ

ਤੁਹਾਡਾ ਡੈਂਟਿਸਟ ਜਾਂ ਔਰਥੋਡੌਂਟਿਸਟ ਇਹ ਫੈਸਲਾ ਕਰੇਗਾ ਕਿ ਕੀ ਤੁਹਾਨੂੰ ਇੱਕ ਮਿਆਰੀ ਮੁਲਾਂਕਣ ਵਿਧੀ ਦੀ ਵਰਤੋਂ ਕਰਕੇ ਔਰਥੋਡੌਂਨਟਿਕ ਇਲਾਜ ਦੀ ਲੋੜ ਹੈ। ਜੇ ਔਰਥੋਡੋਨਟਿਕ ਇਲਾਜ ਡਾਕਟਰੀ ਤੌਰ 'ਤੇ ਜ਼ਰੂਰੀ ਹੈ, ਤਾਂ ਤੁਸੀਂ ਇਸਨੂੰ NHS ਤੋਂ ਪ੍ਰਾਪਤ ਕਰ ਸਕਦੇ ਹੋ। ਜੇ ਤੁਹਾਡਾ ਬੱਚਾ NHS-ਫੰਡ ਪ੍ਰਾਪਤ ਔਰਥੋਡੌਂਨਟਿਕ ਇਲਾਜ ਲਈ ਯੋਗ ਨਹੀਂ ਹੈ, ਤਾਂ ਤੁਹਾਡਾ ਡੈਂਟਿਸਟ ਜਾਂ ਔਰਥੋਡੋਂਟਿਸਟ ਵਿਕਲਪਕ ਵਿਕਲਪਾਂ 'ਤੇ ਚਰਚਾ ਕਰਨ ਦੇ ਯੋਗ ਹੋਵੇਗਾ।

### ਅਗਲੇਰੇ ਇਲਾਜ ਦੀ ਲਾਗਤ

ਜੇ ਤੁਸੀਂ ਦੰਦਾਂ ਦਾ ਇਲਾਜ ਕਰਵਾਇਆ ਹੈ ਪਰ ਅਗਲੇ 2 ਮਹੀਨਿਆਂ ਦੇ ਅੰਦਰ ਅਗਲੇਰੇ ਇਲਾਜ ਦੀ ਲੋੜ ਹੈ , ਤਾਂ ਤੁਹਾਨੂੰ ਵਾਧੂ ਭੁਗਤਾਨ ਕਰਨ ਦੀ ਲੋੜ ਨਹੀਂ ਹੈ ਜੇਕਰ ਹੋਰ ਇਲਾਜ ਉਸੇ ਬੈਂਡ ਵਿੱਚ, ਜਾਂ ਇੱਕ ਛੋਟੇ ਬੈਂਡ ਵਿੱਚ ਸ਼ਾਮਲ ਹੈ।

ਜੇ ਤੁਹਾਨੂੰ ਉੱਚ ਬੈਂਡ ਵਿੱਚ ਹੋਰ ਇਲਾਜ ਦੀ ਲੋੜ ਹੈ, ਤਾਂ ਤੁਹਾਨੂੰ ਉੱਚ ਬੈਂਡ ਫੀਸ ਦਾ ਭੁਗਤਾਨ ਕਰਨਾ ਪਵੇਗਾ।

2 ਮਹੀਨੇ ਬੀਤ ਜਾਣ ਤੋਂ ਬਾਅਦ ਤੁਹਾਨੂੰ ਕਿਸੇ ਵੀ ਅਗਲੇਰੇ ਇਲਾਜ ਲਈ ਭੁਗਤਾਨ ਕਰਨਾ ਪਵੇਗਾ ।

### ਮੁਫ਼ਤ ਵਿੱਚ ਉਪਲਬਧ ਦੰਦਾਂ ਦੇ ਇਲਾਜ

ਤੁਹਾਨੂੰ ਭੁਗਤਾਨ ਕਰਨ ਦੀ ਲੋੜ ਨਹੀਂ ਹੈ ਜੇਕਰ:

- ਤੁਹਾਡੇ ਟਾਂਕੇ ਕੱਢੇ ਜਾ ਰਹੇ ਹਨ।
- ਤੁਹਾਡੇ ਡੈਂਟਿਸਟ ਲਈ ਤੁਹਾਡੇ ਮੂੰਹ ਵਿੱਚੋਂ ਖੂਨ ਵਗਣਾ ਬੰਦ ਕਰਨਾ ਲਾਜ਼ਮੀ ਹੈ - ਉਦਾਹਰਨ ਵਜੋਂ, ਦੰਦ ਕੱਢਣ ਤੋਂ ਬਾਅਦ।
- ਤੁਹਾਡੇ ਨਕਲੀ ਦੰਦਾਂ (ਡੈਂਚਰ) ਦੀ ਮੁਰੰਮਤ ਕਰਨ ਦੀ ਲੋੜ ਹੈ - ਪਰ ਜੇ ਉਹਨਾਂ ਦੀ ਮੁਰੰਮਤ ਨਹੀਂ ਕੀਤੀ ਜਾ ਸਕਦੀ, ਤਾਂ ਤੁਹਾਨੂੰ ਨਵੇਂ ਦੰਦਾਂ ਲਈ ਭੁਗਤਾਨ ਕਰਨਾ ਪਵੇਗਾ।

# ਭਾਈਚਾਰਕ ਦੰਦਾਂ ਦੀਆਂ ਸੇਵਾਵਾਂ

ਮਿਡਲੈਂਡਜ਼ ਪਾਰਟਨਰਸ਼ਿਪ ਯੂਨੀਵਰਸਿਟੀ ਟਰੱਸਟ (MPFT) ਸਟੈਫੋਰਡਸ਼ਾਇਰ ਅਤੇ ਸਟੋਕ ਔਨ ਟ੍ਰੈਂਟ ਵਿੱਚ ਭਾਈਚਾਰਕ ਦੰਦਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ।

ਇਹ ਸਰਵਿਸ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ:

- ਇੱਕ ਕਲੀਨਿਕਲ ਤੌਰ 'ਤੇ ਅਗਵਾਈ ਕੀਤੀ ਜਾਂਦੀ ਡੈਂਟਲ ਐਡਵਾਈਸ ਲਾਈਨ ( 0300 123 0981)। ਕਲੀਨਿਕੀ ਤਰਜੀਹੀਕਰਨ ਰਾਹੀਂ, ਇਹ ਜ਼ਰੂਰੀ ਦੰਦਾਂ ਦੀ ਦੇਖਭਾਲ ਤੱਕ ਪਹੁੰਚ ਦਾ ਸਮਰਥਨ ਕਰਦੀ ਹੈ ਅਤੇ ਦੂਜੇ ਮਰੀਜ਼ਾਂ ਨੂੰ ਉਪਲਬਧ ਨਿਯਮਤ ਦੰਦਾਂ ਦੀ ਦੇਖਭਾਲ ਕਰਨ ਵਾਲੇ ਪ੍ਰਦਾਤਾਵਾਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ।
- ਕੰਮਕਾਜ਼ੀ ਸਮੇਂ ਦੇ ਅੰਦਰ ਅਤੇ ਇਸ ਤੋਂ ਅੱਗੇ-ਪਿੱਛੇ ਅਤੀ ਜ਼ਰੂਰੀ ਦੰਦਾਂ ਦੀਆਂ ਸੇਵਾਵਾਂ।
- ਸਿੱਖਣ ਸੰਬੰਧੀ ਅਯੋਗਤਾਵਾਂ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਵਰਗੀਆਂ ਗੁੰਝਲਦਾਰ ਜ਼ਰੂਰਤਾਂ ਵਾਲੇ ਬੱਚਿਆਂ ਅਤੇ ਬਾਲਗਾਂ ਲਈ ਦੰਦਾਂ ਦਾ ਇਲਾਜ।
- ਹਾਈ ਸਟ੍ਰੀਟ ਡੈਂਟਿਸਟਾਂ ਤੋਂ ਸਿਫਾਰਸ਼ ਮਿਲਣ 'ਤੇ ਬੇਚੈਨ ਬਾਲਗਾਂ ਅਤੇ ਬੱਚਿਆਂ ਦਾ ਬੇਹੋਸ਼ੀ ਦੀ ਦਵਾਈ ਨਾਲ ਇਲਾਜ।
- ਹਾਈ ਸਟ੍ਰੀਟ ਡੈਂਟਿਸਟਾਂ ਤੋਂ ਸਿਫਾਰਸ਼ ਮਿਲਣ 'ਤੇ ਸੰਪੂਰਨ ਬੇਹੋਸ਼ੀ ਅਧੀਨ ਬੱਚਿਆਂ ਲਈ ਦੰਦਾਂ ਦੀਆਂ ਨਿਕਾਸੀਆਂ।

# ਮੂੰਹ ਦੀ ਸਿਹਤ ਵਿੱਚ ਸੁਧਾਰ ਅਤੇ ਰੋਕਥਾਮ

ਸ਼੍ਰੋਪਸ਼ਾਇਰ ਕਮਿਊਨਿਟੀ ਹੈਲਥ NHS ਟਰੱਸਟ ਦੀ ਇਹ ਸੇਵਾ ਸਬੂਤ-ਆਧਾਰਿਤ ਮੌਖਿਕ ਸਿਹਤ ਸੁਧਾਰ ਪ੍ਰੋਗਰਾਮਾਂ ਦੀ ਇੱਕ ਸ਼੍ਰੇਣੀ ਪ੍ਰਦਾਨ ਕਰਦੀ ਹੈ ਜਿਸ ਵਿੱਚ ਸ਼ਾਮਲ ਹਨ:

- **ਮੌਖਿਕ ਸਿਹਤ ਸਿਖਲਾਈ** – ਆਪਣੀ ਭੂਮਿਕਾ ਦੇ ਅੰਦਰ ਮੂੰਹ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਵਿਸ਼ਾਲ ਫਰੰਟਲਾਈਨ ਕਰਮਚਾਰੀਆਂ ਦੀ ਸਮਰੱਥਾ ਦਾ ਨਿਰਮਾਣ।
- **ਬ੍ਰਿਲੀਐਂਟ ਬ੍ਰੱਸ਼ਰ** (Brilliant Brushers) – 3 ਤੋਂ 5 ਸਾਲ ਦੇ ਬੱਚਿਆਂ ਲਈ ਇੱਕ ਨਿਗਰਾਨੀ ਅਧੀਨ ਟੂੱਥਬ੍ਰਸ਼ਿੰਗ ਪ੍ਰੋਗਰਾਮ
- **ਬ੍ਰੱਸ਼ਿੰਗ 4 ਲਾਈਫ਼** (Brushing 4 Life) – ਟੂੱਥਬ੍ਰੱਸ਼ ਅਤੇ ਟੂੱਥਪੇਸਟ ਪੈਕ ਦਾ ਸੋਧਿਤ ਪ੍ਰਬੰਧ ਅਤੇ ਸਿਹਤ ਅਤੇ ਸਮਾਜਕ ਦੇਖਭਾਲ ਪੇਸ਼ੇਵਰਾਂ ਦੁਆਰਾ ਸਲਾਹ।
- **ਕੇਅਰ ਟੂ ਸਮਾਈਲ** - ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਸਟਾਫ਼ ਨੂੰ ਸਿਖਲਾਈ ਦੇਣ ਲਈ ਇੱਕ ਮੂੰਹ ਦੀ ਦੇਖਭਾਲ ਵਾਸਤੇ ਪ੍ਰੋਗਰਾਮ।

ICB ਨੇ ਟੀਮ ਨੂੰ ਆਪਣੀ ਸਮਰੱਥਾ ਦਾ ਵਿਸਤਾਰ ਕਰਨ ਅਤੇ ਵਧਾਉਣ ਨੂੰ ਯੋਗ ਬਣਾਉਣ ਲਈ ਸੇਵਾ ਵਿੱਚ ਵਾਧੂ ਨਿਵੇਸ਼ ਕਰਨ ਦੀ ਵਚਨਬੱਧਤਾ ਪ੍ਰਗਟਾਈ ਹੈ।

ਹੋਰ ਜਾਣਕਾਰੀ ਲਈ shropcom.healthysmileteam@nhs.net 'ਤੇ ਸੰਪਰਕ ਕਰੋ।

# ਉਹ ਆਮ ਮੁੱਦੇ ਜਿਨ੍ਹਾਂ ਬਾਰੇ ਅਸੀਂ ਸੁਣਿਆ ਹੈ

1. ਕੋਵਿਡ ਤੋਂ ਬਾਅਦ ਅਪਾਇੰਟਮੈਂਟ ਲੈਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਮੇਰੇ ਡੈਂਟਿਸਟ ਦੀ ਸੂਚੀ ਵਿੱਚ ਹੁਣ ਮੈਂ ਨਹੀਂ ਸੀ। ਲੋਕ ਮੰਨਦੇ ਹਨ ਕਿ ਡੈਂਟਲ ਪ੍ਰੈਕਟਿਸ ਕੋਲ ਨਾਮ ਰਜਿਸਟਰ ਕਰਵਾਉਣਾ ਇੱਕ GP ਪ੍ਰੈਕਟਿਸ ਕੋਲ ਰਜਿਸਟਰ ਕਰਵਾਉਣ ਵਾਂਗ ਹੈ, ਪਰ ਅਜਿਹਾ ਨਹੀਂ ਹੈ।

   *"ਮੈਂ 5 ਸਾਲਾਂ ਤੋਂ ਵੱਧ ਸਮੇਂ ਤੋਂ ਕਿਸੇ NHS ਡੈਂਟਿਸਟ ਕੋਲ ਰਜਿਸਟਰਡ ਨਹੀਂ ਹਾਂ ਕਿਉਂਕਿ ਉਨ੍ਹਾਂ ਨੇ ਮੇਰੀ ਜਾਣਕਾਰੀ ਤੋਂ ਬਿਨਾਂ ਮੈਨੂੰ ਰਜਿਸਟਰ ਤੋਂ ਹਟਾ ਦਿੱਤਾ, ਅਤੇ ਕੋਈ ਵੀ ਡੈਂਟਿਸਟ 1 ਘੰਟੇ ਦੀ ਡਰਾਈਵ ਦੇ ਅੰਦਰ ਨਵੇਂ ਮਰੀਜ਼ਾਂ ਨੂੰ*

*ਸਵੀਕਾਰ ਨਹੀਂ ਕਰ ਰਿਹਾ ਹੈ। ਮੈਂ ਪ੍ਰਾਈਵੇਟ ਡਾਕਟਰ ਕੋਲ ਜਾਣ ਤੋਂ ਬਿਨਾਂ ਦੰਦਾਂ ਦੀ ਦੇਖਭਾਲ ਨਹੀਂ ਕਰਵਾ ਸਕਦਾ ਜੋ ਕਿ ਮਹਿੰਗਾ ਪੈਂਦਾ ਹੈ।" ਦਸੰਬਰ 2023*

2. ਕੁਝ ਲੋਕਾਂ ਨੇ ਪਾਇਆ ਹੈ ਕਿ ਉਨ੍ਹਾਂ ਦੇ ਖੇਤਰ ਵਿੱਚ ਸਾਰੀਆਂ ਪ੍ਰੈਕਟਿਸਾਂ NHS ਮਰੀਜ਼ਾਂ ਨੂੰ ਨਹੀਂ ਲੈ ਰਹੀਆਂ।

   *"ਰਾਈਜ਼ਿੰਗ ਬਰੂਕ ਚਰਚ (ਸਟੈਫੋਰਡ) ਵਿਖੇ ਇੱਕ ਸਮਾਗਮ ਵਿੱਚ, ਇੱਕ ਸੱਜਣ ਨੇ ਮੈਨੂੰ NHS ਦੇ ਦੰਦਾਂ ਦੇ ਇਲਾਜ ਦੇ ਆਪਣੇ ਅਨੁਭਵ ਅਤੇ ਇਸਦੀ ਘਾਟ ਬਾਰੇ ਦੱਸਿਆ ਅਤੇ ਕਿਹਾ ਕਿ ਉਹ ਹੁਣ ਇਲਾਜ ਲਈ ਕੋਵੈਂਟਰੀ ਜਾਂਦਾ ਹੈ ਕਿਉਂਕਿ ਉਸਨੂੰ NHS ਸੇਵਾ ਪ੍ਰਦਾਨ ਕਰਨ ਲਈ ਸਥਾਨਕ ਤੌਰ 'ਤੇ ਕੋਈ ਨਹੀਂ ਮਿਲਦਾ।" ਨਵੰਬਰ 2024*

3. ਅਤੀ ਜ਼ਰੂਰੀ NHS ਦੰਦਾਂ ਦੇ ਇਲਾਜ ਲਈ ਕਿਸੇ ਹੋਰ ਸੇਵਾ ਕੋਲ ਭੇਜਣ ਵਾਲੀ ਸਲਾਹ। ਅਸੀਂ ਮਰੀਜ਼ਾਂ ਨੂੰ ਸਲਾਹ ਲਾਈਨ ਨਾਲ ਸੰਪਰਕ ਕਰਨ ਲਈ ਇੱਕ ਟਿਕਾਊ ਸਲਾਹ 'ਤੇ ਸਹਿਮਤੀ ਬਣਾਉਣ ਲਈ ਕਮਿਊਨਿਟੀ ਡੈਂਟਿਸਟਰੀ ਦੇ ਕਲੀਨਿਕਲ ਡਾਇਰੈਕਟਰ ਨਾਲ ਮਿਲਕੇ ਕੰਮ ਕੀਤਾ ਹੈ।

   *"ਮੈਂ 3 ਸਾਲ ਪਹਿਲਾਂ ਤੁਹਾਡੇ ਇਲਾਕੇ ਵਿੱਚ ਆਇਆ ਸੀ ਅਤੇ ਮੈਨੂੰ NHS ਡੈਂਟਿਸਟ ਨਹੀਂ ਮਿਲ ਸਕਿਆ। ਮੈਨੂੰ ਛਾਤੀ ਦਾ ਕੈਂਸਰ ਹੈ ਅਤੇ ਮੈਨੂੰ ਅਜਿਹੀਆਂ ਗੋਲੀਆਂ ਦਿੱਤੀਆਂ ਗਈਆਂ ਹਨ ਜੋ ਦੰਦਾਂ ਅਤੇ ਹੱਡੀਆਂ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ। ਮੈਂ 73 ਸਾਲਾਂ ਦੀ ਹਾਂ ਅਤੇ ਪ੍ਰਾਈਵੇਟ ਡਾਕਟਰ ਕੋਲੋਂ ਦੰਦਾਂ ਦਾ ਇਲਾਜ ਨਹੀਂ ਕਰਵਾ ਸਕਦੀ। ਕੀ ਤੁਸੀ ਮੇਰੀ ਮਦਦ ਕਰ ਸਕਦੇ ਹੋ?" ਨਵੰਬਰ 2022*

4. ਕੁਝ ਔਰਤਾਂ ਤੋਂ ਰਿਪੋਰਟਾਂ ਮਿਲੀਆਂ ਹਨ ਕਿ ਉਹ ਮੁਫ਼ਤ ਦੰਦਾਂ ਦੇ ਇਲਾਜ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਰਹੀਆਂ ਹਨ ਜਿਸਨੂੰ ਉਹ ਜਣੇਪਾ ਛੁੱਟੀ 'ਤੇ ਹੋਣ ਵੇਲੇ ਪ੍ਰਾਪਤ ਕਰਨ ਦੀਆਂ ਹੱਕਦਾਰ ਹਨ।

   *"ਮੈਂ ਜਣੇਪਾ ਛੁੱਟੀ 'ਤੇ ਸੀ ਅਤੇ ਆਪਣੀ ਗਰਭਅਵਸਥਾ ਦੌਰਾਨ ਮੈਨੂੰ ਮੁਫ਼ਤ ਦੰਦਾਂ ਦੀ ਦੇਖਭਾਲ ਪ੍ਰਦਾਨ ਕਰਨ ਲਈ NHS ਡੈਂਟਿਸਟ ਨਹੀਂ ਮਿਲ ਸਕਿਆ। ਮੈਨੂੰ ਇੱਕ ਪ੍ਰਾਈਵੇਟ ਡੈਂਟਿਸਟ ਕੋਲ ਜਾਣਾ ਪਿਆ ਅਤੇ ਪੈਸੇ ਦੇਣੇ ਪਏ।" 2024*

5. ਇਲਾਜ ਦੀ ਪੁੱਗਣਯੋਗਤਾ ਬਾਰੇ ਚਿੰਤਾਵਾਂ। ਇੱਕ ਉਦਾਹਰਨ ਜਿੱਥੇ ਪ੍ਰਾਈਵੇਟ ਡਾਕਟਰ ਕੋਲੋਂ ਦੰਦ ਕਢਵਾਉਣ ਲਈ ਕਿਸੇ ਕੋਲੋਂ £200 ਮੰਗਿਆ ਗਿਆ ਸੀ - NHS ਦੀ ਅਤੀ ਜ਼ਰੂਰੀ ਦੇਖਭਾਲ ਸੇਵਾ ਨੇ ਉਨ੍ਹਾਂ ਤੋਂ £27.50 ਦਾ ਖ਼ਰਚਾ ਲਿਆ।

   *"ਕੀ ਕੋਈ ਕਿਰਪਾ ਕਰਕੇ ਮੈਨੂੰ ਇਸ ਬਾਰੇ ਸਹੀ ਦਿਸ਼ਾ ਦੱਸ ਸਕਦਾ ਹੈ ਕਿ NHS ਦੰਦਾਂ ਦਾ ਇਲਾਜ ਕਿਵੇਂ ਪ੍ਰਾਪਤ ਕਰਨਾ ਹੈ, ਜਦੋਂ ਕੋਈ ਡੈਂਟਿਸਟ ਨਵੇਂ ਮਰੀਜ਼ਾਂ ਨੂੰ ਨਹੀਂ ਲੈ ਰਿਹਾ ਹੋਵੇ।" ਪ੍ਰਾਈਵੇਟ ਤੌਰ 'ਤੇ ਦੰਦਾਂ ਦੇ ਇਲਾਜ 'ਤੇ ਮੈਨੂੰ ਪਹਿਲਾਂ ਹੀ ਲਗਭਗ ਇੱਕ ਹਜ਼ਾਰ ਪੌਂਡ ਦਾ ਖਰਚਾ ਆ ਚੁੱਕਾ ਹੈ, ਅਤੇ ਮੈਨੂੰ ਲਗਭਗ ਇੱਕ ਹਜ਼ਾਰ ਪੌਂਡ ਦਾ ਹੋਰ ਖ਼ਰਚਾ ਆਉਣ ਵਾਲਾ ਹੈ, ਜੋ ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਕਿਸੇ ਵੀ ਮਦਦ ਦੀ ਬੇਹੱਦ ਸ਼ਲਾਘਾ ਕੀਤੀ ਜਾਵੇਗੀ।" ਸਤੰਬਰ 2022*

6. NHS ਦੇ ਦੰਦਾਂ ਸੰਬੰਧੀ ਖ਼ਰਚਿਆਂ ਬਾਰੇ ਅਤੇ ਇਸ ਬਾਰੇ ਭੰਬਲਭੂਸਾ ਹੈ ਕਿ ਉਹ ਕੀ ਕਵਰ ਕਰਦੇ ਹਨ, ਇਸ ਬਾਰੇ ਵੀ ਭੰਬਲਭੂਸਾ ਹੈ ਕਿ ਮੁਫ਼ਤ NHS ਡੈਂਟਲ ਕੇਅਰ ਦਾ ਹੱਕਦਾਰ ਕੌਣ ਹੈ।

   *"ਮੈਂ ਅਤੇ ਮੇਰਾ ਪਤੀ ਕਿਸੇ ਅਜਿਹੀ ਜਗ੍ਹਾ ਦੀ ਤਲਾਸ਼ ਕਰ ਰਹੇ ਹਾਂ ਜਿੱਥੇ NHS ਦੇ ਮਰੀਜ਼ਾਂ ਦਾ ਇਲਾਜ ਕੀਤਾ ਜਾ ਸਕੇ ਕਿਉਂਕਿ ਮੈਨੂੰ ESA, ਯੂਨੀਵਰਸਲ ਕ੍ਰੈਡਿਟ ਅਤੇ PIP ਮਿਲ ਰਹੇ ਹਨ।*

   *ਅਸੀਂ ਇਸ ਖੇਤਰ (ਮਾਓ ਕੌਪ) ਵਿੱਚ ਬਿਲਕੁਲ ਨਵੇਂ ਹਾਂ ਅਤੇ ਸਾਨੂੰ ਦੋਨਾਂ ਨੂੰ ਜਾਂਚ ਕਰਵਾਉਣ ਦੀ ਲੋੜ ਪਵੇਗੀ, ਮੈਨੂੰ ਲਾਜ਼ਮੀ ਤੌਰ 'ਤੇ ਇਲਾਜ ਦੀ ਲੋੜ ਹੈ ਕਿਉਂਕਿ ਮੇਰੇ ਸਾਰੇ ਦੰਦ ਢਿੱਲੇ ਅਤੇ ਦਰਦਨਾਕ ਹੋ ਗਏ ਹਨ। ਮੇਰੇ ਹਾਲ ਹੀ ਵਿੱਚ 4 ਵਾਰ ਦੰਦ ਡਿੱਗ ਪਏ ਹਨ।*

   *ਅਸੀਂ ਇਲਾਕੇ ਦੇ ਕਈ ਡੈਂਟਿਸਟਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਨੇ ਜਵਾਬ ਦਿੱਤਾ ਹੈ, ਉਹਨਾਂ ਦਾ ਕਹਿਣਾ ਹੈ ਕਿ ਉਹ ਨਵੇਂ ਮਰੀਜ਼ ਨਹੀਂ ਲੈ ਰਹੇ ਹਨ, ਅਤੇ ਦੋ ਕੁ ਨੇ ਬਿਲਕੁਲ ਵੀ ਜਵਾਬ ਨਹੀਂ ਦਿੱਤਾ ਹੈ।" ਜਨਵਰੀ 2025*

7. ਛੋਟੀ ਉਮਰ ਵਿੱਚ ਹੀ ਆਪਣੇ ਬੱਚਿਆਂ ਨੂੰ ਦੰਦਾਂ ਦੇ ਡਾਕਟਰਾਂ ਕੋਲ ਦਿਖਾਉਣ ਬਾਰੇ ਮਾਪਿਆਂ ਦੀ ਚਿੰਤਾ।

   *"ਮੈਂ ਆਪਣੇ ਦੋ ਸਾਲ ਦੇ ਬੱਚੇ ਨੂੰ NHS ਡੈਂਟਿਸਟ ਕੋਲ ਰਜਿਸਟਰ ਕਰਵਾਉਣਾ ਚਾਹੁੰਦੀ ਹਾਂ ਤਾਂ ਜੋ ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਆਪਣੇ ਦੰਦਾਂ ਦੀ ਦੇਖਭਾਲ ਕਰਨ ਦੀਆਂ ਚੰਗੀਆਂ ਆਦਤਾਂ ਮਿਲ ਸਕਣ। ਬਦਕਿਸਮਤੀ ਨਾਲ, ਮੈਨੂੰ ਯੂਟੋਕਸੈਟਰ ਵਿੱਚ ਕੋਈ*

*ਡੈਂਟਿਸਟ ਨਹੀਂ ਮਿਲ ਰਿਹਾ ਜੋ ਇਸ ਸਮੇਂ ਉਸ ਦਾ ਇਲਾਜ ਕਰ ਸਕੇ ਅਤੇ ਕਿਉਂਕਿ ਮੇਰੇ ਕੋਲ ਆਵਾਜਾਈ ਸਾਧਨਾਂ ਤੱਕ ਕੋਈ ਪਹੁੰਚ ਨਹੀਂ ਹੈ, ਮੈਂ ਉਸ ਨੂੰ ਲਿਚਫੀਲਡ ਅਤੇ ਲੀਕ ਵਰਗੀਆਂ ਥਾਵਾਂ 'ਤੇ ਨਹੀਂ ਲਿਜਾ ਸਕਦੀ ਜਿਨ੍ਹਾਂ ਬਾਰੇ ਮੈਂ ਸਮਝਦੀ ਹਾਂ ਕਿ ਇਸ ਸਮੇਂ ਉਨ੍ਹਾਂ ਕੋਲ ਸਮਰੱਥਾ ਹੈ।" 2023*

8. ਸਿਹਤ ਅਸਮਾਨਤਾਵਾਂ ਸੰਬੰਧੀ ਮਹੱਤਵਪੂਰਨ ਮੁੱਦੇ ਹਾਲ ਹੀ ਵਿੱਚ ਡੈਂਟਲ ਪਬਲਿਕ ਹੈਲਥ ਦੇ ਸਥਾਨਕ ਸਲਾਹਕਾਰ ਦੁਆਰਾ ਇੱਕ ਹੈਲਥ ਈਕਵਿਟੀ ਆਡਿਟ ਰਾਹੀਂ ਉਜਾਗਰ ਕੀਤੇ ਗਏ ਹਨ ਜਿਸ ਵਿੱਚ ਅਸੀਂ ਹੈਲਥਵਾਚ (Healthwatch) ਵਿਖੇ ਯੋਗਦਾਨ ਪਾਇਆ ਹੈ।

*"ਫੈਮਿਲੀ ਫੰਡ ਡੇਅ (Family Fund Day) ਪ੍ਰੋਗਰਾਮ ਦੌਰਾਨ, ਇੱਕ ਆਦਮੀ ਹੈਲਥਵਾਚ ਸਟਾਫ਼ ਕੋਲ ਆਇਆ ਅਤੇ ਸਾਨੂੰ ਸਿੱਖਣ ਵਿੱਚ ਅਪੰਗਤਾ ਵਾਲੇ ਆਪਣੇ ਬੱਚੇ ਦੇ ਸਾਹਮਣੇ ਆਉਣ ਵਾਲੀਆਂ ਕੁਝ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਡੈਂਟਿਸਟ ਉਹਨਾਂ ਦੇ ਬੱਚੇ ਦੀਆਂ ਜ਼ਰੂਰਤਾਂ ਨੂੰ ਨਹੀਂ ਸਮਝਦੇ ਸਨ, ਇਸ ਲਈ ਪਿਤਾ ਹੁਣ ਕਿਸੇ ਪ੍ਰਾਈਵੇਟ ਡੈਂਟਿਸਟ ਨੂੰ ਮਿਲਣ ਲਈ ਪੈਸੇ ਖ਼ਰਚ ਕਰਦੇ ਹਨ।" ਜਨਵਰੀ 2024*

*"ਮਰੀਜ਼ ਨੇ ਸਾਨੂੰ ਦੱਸਿਆ ਕਿ ਉਹ ਬੁੱਲ੍ਹਾਂ ਦੀ ਹਰਕਤ ਨੂੰ ਪੜ੍ਹਦੀ ਹੈ ਪਰ ਡੈਂਟਿਸਟ ਅਤੇ ਦੰਦਾਂ ਦਾ ਸਹਾਇਕ ਮਾਸਕ ਪਹਿਨਦੇ ਹਨ। ਉਹ ਉਨ੍ਹਾਂ ਨਾਲ ਗੱਲਬਾਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਸਮਝ ਨਹੀਂ ਸਕੀ, ਇਸ ਲਈ ਉਸਨੇ ਪੁੱਛਿਆ ਕਿ ਕੀ ਡੈਂਟਿਸਟ ਜਾਂ ਸਹਾਇਕ ਆਪਣੇ ਮਾਸਕ ਉਤਾਰ ਸਕਦੇ ਹਨ, ਪਰ ਡੈਂਟਿਸਟ ਨੇ ਇਨਕਾਰ ਕਰ ਦਿੱਤਾ ਅਤੇ ਇੱਕ ਅਪਾਇੰਟਮੈਂਟ 'ਤੇ, ਸਹਾਇਕ ਨੇ ਵੀ ਇਨਕਾਰ ਕਰ ਦਿੱਤਾ। ਇਸ ਕਾਰਨ ਉਹ ਆਪਣਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਹੀ ਅਪਾਇੰਟਮੈਂਟ ਵਿਚਕਾਰ ਛੱਡ ਕੇ ਚਲੀ ਗਈ। ਜਦੋਂ ਉਹ ਪ੍ਰੈਕਟਿਸ ਦੇ ਮੈਨੇਜਰ ਕੋਲ ਗਈ, ਤਾਂ ਉਨ੍ਹਾਂ ਨੇ ਡੈਂਟਿਸਟ ਦੇ ਇਨਕਾਰ ਨੂੰ "ਅਣਗੌਲਿਆ" ਕਰ ਦਿੱਤਾ ਕਿਉਂਕਿ ਉਹ ਇੱਕ 'ਬੁੱਢਾ ਕੁੱਤਾ' ਸੀ ਜੋ ਬਦਲਦਾ ਨਹੀਂ ਸੀ। ਉਸਨੇ ਪੁੱਛਿਆ ਕਿ ਕੀ ਉਹ ਪਾਰਦਰਸ਼ੀ ਮਾਸਕ ਵਰਤ ਸਕਦੇ ਹਨ ਜਾਂ ਕੀ ਸਟਾਫ ਬੋਲ਼ੇ ਲੋਕਾਂ ਬਾਰੇ ਜਾਗਰੂਕਤਾ ਸਿਖਲਾਈ ਵਿੱਚ ਹਿੱਸਾ ਲੈ ਸਕਦਾ ਹੈ, ਪਰ ਮੈਨੇਜਰ ਦੁਆਰਾ ਇਸ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ। ਮੈਨੇਜਰ ਨੇ ਅਖੀਰ ਵਿੱਚ ਮਰੀਜ਼ ਨੂੰ ਪ੍ਰੈਕਟਿਸ ਵਿੱਚ ਇੱਕ ਵਿਕਲਪਿਕ ਡੈਂਟਿਸਟ ਦੀ ਪੇਸ਼ਕਸ਼ ਕਰਕੇ ਉਸਦੀ ਸਮੱਸਿਆ ਦਾ ਹੱਲ ਕਰ ਦਿੱਤਾ।" ਮਈ 2025*

9. ਸਟੈਫੋਰਡਸ਼ਾਇਰ ਦੇ ਪੇਂਡੂ ਹਿੱਸਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਪਹੁੰਚ ਸੰਬੰਧੀ ਮੁੱਦੇ।

*"ਵਿਅਕਤੀ ਜਾਣਨਾ ਚਾਹੁੰਦਾ ਸੀ ਕਿ ਬਿਡੁਲਫ ਵਿੱਚ ਕਿਹੜੇ ਡੈਂਟਿਸਟ NHS ਮਰੀਜ਼ਾਂ ਦੀ ਦੇਖਭਾਲ ਕਰ ਰਹੇ ਸਨ। ਉਸਨੂੰ ਇੱਧਰ-ਉੱਧਰ ਫ਼ੋਨ ਕਰਨ ਅਤੇ ਉਡੀਕ ਸੂਚੀ ਵਿੱਚ ਰੱਖਣ ਲਈ ਕਹਿਣ ਦੀ ਸਲਾਹ ਦਿੱਤੀ ਗਈ। ਲਿਚਫੀਲਡ ਵਿੱਚ ਇੱਕ ਡੈਂਟਿਸਟ ਬਾਰੇ ਜਾਣਕਾਰੀ ਦਿੱਤੀ ਗਈ ਜੋ ਨਵੇਂ NHS ਮਰੀਜ਼ਾਂ ਦੀ ਦੇਖਭਾਲ ਕਰ ਰਿਹਾ ਹੈ। ਵਿਅਕਤੀ ਦੀ ਬੇਨਤੀ 'ਤੇ ਐੱਚ ਡਬਲਿਊ ਚੈਸ਼ਾਇਰ ਦੇ ਵੇਰਵੇ ਦਿੱਤੇ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕੀ ਕੋਂਗਲੇਟਨ ਵਿੱਚ ਕੋਈ ਡੈਂਟਿਸਟ ਹੈ।" ਮਈ 2023*

ਚਿੰਤਾਵਾਂ ਦੇ ਨਾਲ-ਨਾਲ ਸਾਨੂੰ ਹੇਠਾਂ ਦਿੱਤੀਆਂ ਉਦਾਹਰਨਾਂ ਦੇ ਨਾਲ ਸਕਾਰਾਤਮਕ ਫੀਡਬੈਕ ਵੀ ਮਿਲਦੀ ਹੈ।

*"ਮੈਂ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਇਸ ਪ੍ਰੈਕਟਿਸ ਦਾ ਮਰੀਜ਼ ਹਾਂ। ਮੈਨੂੰ ਉਨ੍ਹਾਂ ਕੋਲੋਂ ਸਾਲਾਂ ਤੋਂ ਬਹੁਤ ਵਧੀਆ ਸੇਵਾ ਮਿਲੀ ਹੈ ਅਤੇ ਹੁਣ ਜਦੋਂ ਉਨ੍ਹਾਂ ਨੇ ਇਮਾਰਤ ਨੂੰ ਅਪਗ੍ਰੇਡ ਕਰ ਲਿਆ ਹੈ ਅਤੇ ਹੋਰ ਡੈਂਟਿਸਟ ਰੱਖੇ ਹਨ, ਤਾਂ ਜਦੋਂ ਤੁਹਾਨੂੰ ਮਿਆਰੀ ਜਾਂਚ ਤੋਂ ਬਾਹਰ ਕਿਸੇ ਨੂੰ ਮਿਲਣ ਦੀ ਜ਼ਰੂਰਤ ਹੁੰਦੀ ਹੈ ਤਾਂ ਉਡੀਕ ਕਰਨ ਦਾ ਸਮਾਂ ਬਹੁਤ ਘੱਟ ਹੁੰਦਾ ਹੈ। ਅੱਜ ਮੈਂ ਇੱਕ ਦੰਦ ਦੀ ਮੁਰੰਮਤ ਕਰਵਾਈ ਹੈ ਅਤੇ ਜਦੋਂ ਮੈਂ ਕਿਹਾ ਕਿ ਮੈਂ ਚਿੰਤਤ ਹਾਂ ਤਾਂ ਡੈਂਟਿਸਟ ਬਹੁਤ ਦਿਆਲੂ ਸੀ; ਉਨ੍ਹਾਂ ਨੇ ਇਸ ਤਜਰਬੇ ਨੂੰ ਜਿੰਨਾ ਸੰਭਵ ਹੋ ਸਕੇ ਦਰਦ ਰਹਿਤ ਬਣਾਇਆ ਅਤੇ ਮੇਰੇ ਦੰਦ ਨੂੰ ਸੁਰੱਖਿਅਤ ਰੱਖਣ ਵਿੱਚ ਬਹੁਤ ਹੁਨਰ ਦਾ ਪ੍ਰਦਰਸ਼ਨ ਕੀਤਾ। ਮੈਂ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਮੈਂ ਇੱਥੇ ਇੱਕ ਮਰੀਜ਼ ਹਾਂ ਜਦੋਂ ਬਹੁਤ ਸਾਰੇ ਲੋਕ ਸਥਾਨਕ ਤੌਰ 'ਤੇ NHS ਦੰਦਾਂ ਦੀ ਦੇਖਭਾਲ ਤੱਕ ਪਹੁੰਚ ਕਰਨ ਲਈ ਸੰਘਰਸ਼ ਕਰ ਰਹੇ ਹਨ।"*

*ਅਪਰੈਲ 2025*

*"ਮੈਂ ਖੁਸ਼ਕਿਸਮਤ ਹਾਂ ਕਿ ਮੇਰੇ ਕੋਲ ਇੱਕ NHS ਡੈਂਟਿਸਟ ਹੈ, ਮੈਂ ਨਿਯਮਤ ਜਾਂਚ ਲਈ ਜਾਂਦਾ ਹਾਂ, ਅਤੇ ਮੈਂ ਬਹੁਤ ਸੰਤੁਸ਼ਟ ਹਾਂ" ਦਸੰਬਰ 2024*

# ਅਗਲੇ ਕਦਮ

ਇਹ ਰਿਪੋਰਟ ਹੁਣ ਸਾਡੀ ਵੈੱਬਸਾਈਟ 'ਤੇ ਜਨਤਾ ਦੇ ਪੜ੍ਹਨ ਲਈ ਪ੍ਰਕਾਸ਼ਿਤ ਕੀਤੀ ਜਾਵੇਗੀ ਅਤੇ ਅਸੀਂ ਆਪਣੇ ਸੋਸ਼ਲ ਮੀਡੀਆ ਅਤੇ VCSE ਹੈਲਦੀ ਕਮਿਊਨਿਟੀਜ਼ ਅਲਾਇੰਸ (VCSE Healthy Communities Alliance) ਪਲੇਟਫਾਰਮ 'ਤੇ ਇਸਦਾ ਪ੍ਰਚਾਰ ਕਰਾਂਗੇ। ਇਸਨੂੰ ਸਟੈਫੋਰਡਸ਼ਾਇਰ ਅਤੇ ਸ਼੍ਰੋਪਸ਼ਾਇਰ ਡੈਂਟਲ ਨੈੱਟਵਰਕ ਅਤੇ ਸਟੈਫੋਰਡਸ਼ਾਇਰ ਅਤੇ ਸਟੋਕ ਔਨ ਟ੍ਰੈਂਟ ਇੰਟੀਗ੍ਰੇਟਿਡ ਕੇਅਰ ਬੋਰਡ ਦੇ ਨਾਲ-ਨਾਲ ਸਟੈਫੋਰਡਸ਼ਾਇਰ ਕਾਊਂਟੀ ਕੌਂਸਲ, ਕੇਅਰ ਕੁਆਲਿਟੀ ਕਮਿਸ਼ਨ (CQC), ਸਾਊਥ ਸਟੈਫੋਰਡਸ਼ਾਇਰ ਅਲਜ਼ਾਈਮਰ ਸੋਸਾਇਟੀ ਅਤੇ ਚਿਲਡਰਨ ਐਂਡ ਫੈਮਿਲੀਜ਼ ਫੋਰਮ ਨਾਲ ਸਾਂਝਾ ਕੀਤਾ ਜਾਵੇਗਾ। ਅਸੀਂ ਰਿਪੋਰਟ ਦਾ ਉਰਦੂ, ਪੰਜਾਬੀ ਅਤੇ ਪੋਲਿਸ਼ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਉਣ ਦੀ ਵੀ ਯੋਜਨਾ ਬਣਾ ਰਹੇ ਹਾਂ।

Healthwatch Staffordshire
Stafford Civic Centre
Riverside
Stafford
ST16 3AQ

healthwatch
Staffordshire

ਹੈਲਥਵਾਚ ਸਟੈਫੋਰਡਸ਼ਾਇਰ ਦਾ ਪ੍ਰਬੰਧਨ ਸਪੋਰਟ ਸਟੈਫੋਰਡਸ਼ਾਇਰ ਵੱਲੋਂ ਕੀਤਾ ਜਾਂਦਾ ਹੈ।

www.healthwatchstaffordshire.co.uk
ਟੈਲੀ: 0800 051 8371
ਈਮੇਲ: enquiries@healthwatchstaffordshire.co.uk
X @HWStaffordshire Facebook @HWStaffordshireOfficial